ਮਿੱਠੇ ਬੱਚੇ:- ਵਿਚਾਰ ਸਾਗਰ ਮੰਥਨ ਕਰਨ ਦੀ ਆਦਤ ਪਾਓ , ਇਕਾਂਤ ਵਿੱਚ ਸਵੇਰੇ - ਸਵੇਰੇ ਵਿਚਾਰ ਸਾਗਰ ਮੰਥਨ ਕਰੋ ਤਾਂ ਕਈ ਨਵੇਂ - ਨਵੇਂ ਪੁਆਇੰਟ ਬੁੱਧੀ ਵਿੱਚ ਆਉਣਗੇ"

ਪ੍ਰਸ਼ਨ:- ਬੱਚਿਆਂ ਨੇ ਆਪਣੀ ਅਵਸਥਾ ਫ਼ਸਟ ਕਲਾਸ ਬਨਾਉਣੀ ਹੈ ਤਾਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਸਦਾ ਧਿਆਨ ਰਹੇ?

ਉੱਤਰ:- 1- ਇਕ ਬਾਪ ਜੋ ਸੁਣਾਉਂਦੇ ਹਨ ਉਹ ਹੀ ਸੁਣੋ, ਬਾਕੀ ਇਸ ਦੁਨੀਆਂ ਦਾ ਕੁਝ ਵੀ ਨਹੀਂ ਸੁਣੋ।
2 - ਸੰਗ ਦੀ ਸੰਭਾਲ ਰੱਖੋ। ਜੋ ਚੰਗੀ ਤਰ੍ਹਾਂ ਪੜ੍ਹਦੇ ਹਨ, ਧਾਰਨਾ ਕਰਦੇ ਹਨ ਉਨ੍ਹਾਂ ਦਾ ਹੀ ਸੰਗ ਕਰੋ ਤਾਂ ਅਵਸਥਾ ਫ਼ਸਟ ਕਲਾਸ ਹੋ ਜਾਵੇਗੀ। ਕਈ ਬੱਚਿਆਂ ਦੀ ਅਵਸਥਾ ਨੂੰ ਦੇਖਕੇ ਬਾਬਾ ਨੂੰ ਖਿਆਲ ਆਉਂਦਾ ਹੈ ਕਿ ਡਰਾਮੇ ਵਿੱਚ ਕੁਝ ਪਰਿਵਰਤਨ ਹੋ ਜਾਵੇ ਪਰ ਫ਼ਿਰ ਕਹਿੰਦੇ - ਇਹ ਰਾਜਧਾਨੀ ਸਥਾਪਨ ਹੋ ਰਹੀ ਹੈ।

ਓਮ ਸ਼ਾਂਤੀ। ਇੱਕ ਹੀ ਬੇਹੱਦ ਦਾ ਬਾਪ, ਬੇਹੱਦ ਦੇ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ ਅਤੇ ਪੜਾਉਂਦੇ ਹਨ। ਬਾਕੀ ਮਨੁੱਖ ਜੋ ਕੁਝ ਪੜ੍ਹਦੇ ਹਨ, ਸੁਣਦੇ ਹਨ ਉਹ ਤੁਸੀਂ ਸੁਣਨਾ, ਪੜ੍ਹਨਾ ਕੁਝ ਵੀ ਨਹੀਂ ਹੈ ਕਿਉਂਕਿ ਇਹ ਤਾਂ ਸਮਝ ਗਏ ਹੋ - ਇਕ ਹੀ ਇਹ ਈਸ਼ਵਰੀਏ ਪੜ੍ਹਾਈ ਹੈ, ਜੋ ਹੁਣ ਤੁਸੀਂ ਪੜ੍ਹਨੀ ਹੈ। ਤੁਸੀਂ ਇਕ ਈਸ਼ਵਰ ਤੋਂ ਹੀ ਪੜ੍ਹਨਾ ਹੈ। ਬਾਪ ਜੋ ਪੜ੍ਹਾਏ, ਸਿਖਾਏ - ਓਹ ਹੀ ਪੜ੍ਹਨਾ ਹੈ। ਉਹ ਤਾਂ ਕਈਆਂ ਤਰ੍ਹਾਂ ਦੀਆਂ ਕਿਤਾਬਾਂ ਲਿਖਦੇ ਹਨ, ਜੋ ਸਾਰੀ ਦੁਨੀਆਂ ਪੜ੍ਹਦੀ ਹੈ। ਕਿੰਨੀਆਂ ਢੇਰ ਕਿਤਾਬਾਂ ਪੜ੍ਹਦੇ ਹੋਣਗੇ। ਸਿਰਫ਼ ਤੁਸੀਂ ਬੱਚੇ ਹੀ ਕਹਿੰਦੇ ਹੋ ਇੱਕ ਤੋਂ ਹੀ ਸੁਣੋ ਅਤੇ ਉਹ ਹੀ ਦੂਜਿਆਂ ਨੂੰ ਸੁਣਾਓ ਕਿਉਂਕਿ ਉਨ੍ਹਾਂ ਤੋਂ ਜੋ ਕੁਝ ਸੁਣੋਗੇ ਉਸ ਵਿੱਚ ਹੀ ਕਲਿਆਣ ਹੈ। ਬਾਕੀ ਢੇਰ ਕਿਤਾਬਾਂ ਹਨ। ਨਵੀਆਂ-ਨਵੀਆਂ ਨਿਕਲਦੀਆਂ ਰਹਿੰਦੀਆਂ ਹਨ। ਤੁਸੀਂ ਜਾਣਦੇ ਹੋ ਰਾਈਟਿਅਸ ਤਾਂ ਇੱਕ ਬਾਪ ਹੀ ਸੁਣਾਉਂਦੇ ਹਨ। ਬਸ, ਉਨ੍ਹਾਂ ਤੋਂ ਹੀ ਸੁਣਨਾ ਹੈ। ਬਾਪ ਤਾਂ ਬੱਚਿਆਂ ਨੂੰ ਬਹੁਤ ਥੋੜ੍ਹਾ ਸਮਝਾਉਂਦੇ ਹਨ, ਉਸ ਨੂੰ ਡਿਟੇਲ ਵਿੱਚ ਸਮਝਾ ਕੇ ਫਿਰ ਵੀ ਇੱਕ ਹੀ ਗੱਲ ਤੇ ਆ ਜਾਂਦੇ ਹਨ। ਭਾਵੇਂ ਮਨਮਨਾਭਵ ਅੱਖਰ ਬਾਬਾ ਰਾਈਟ ਕਹਿੰਦੇ ਹਨ ਪਰ ਬਾਬਾ ਨੇ ਇਵੇਂ ਕਿਹਾ ਨਹੀਂ ਹੈ। ਬਾਪ ਤਾਂ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ, ਮੈਨੂੰ ਬਾਪ ਨੂੰ ਯਾਦ ਕਰੋ ਅਤੇ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਗਿਆਨ ਜੋ ਮੈਂ ਸੁਣਾਉਂਦਾ ਹਾਂ ਉਹ ਧਾਰਨ ਕਰੋ। ਇਹ ਵੀ ਤੁਸੀਂ ਜਾਣਦੇ ਹੋ, ਅਸੀਂ ਜੋ ਦੇਵਤਾ ਬਣਦੇ ਹਾਂ ਉਹ ਹੀ ਫ਼ਿਰ ਵਾਧੇ ਨੂੰ ਪਾਉਂਦੇ ਹਨ। ਬੱਚਿਆਂ ਨੂੰ ਮੂਲਵਤਨ ਵੀ ਯਾਦ ਹੈ ਫ਼ਿਰ ਨਵੀਂ ਦੁਨੀਆਂ ਵੀ ਯਾਦ ਹੈ।

ਪਹਿਲਾਂ ਹੈ ਉੱਚੇ ਤੋਂ ਉੱਚਾ ਬਾਪ। ਫ਼ਿਰ ਇਹ ਨਵੀਂ ਦੁਨੀਆਂ, ਜਿਸ ਵਿੱਚ ਲਕਸ਼ਮੀ - ਨਾਰਾਇਣ ਉੱਚੇ ਤੋਂ ਉੱਚਾ ਰਾਜ ਕਰਨ ਵਾਲੇ ਹਨ। ਚਿੱਤਰ ਤਾਂ ਜ਼ਰੂਰ ਚਾਹੀਦਾ ਹੈ। ਤਾਂ ਉਹ ਬਾਕੀ ਨਿਸ਼ਾਨੀ ਰਹਿ ਗਈ ਹੈ। ਇਹ ਹੀ ਇੱਕ ਚਿੱਤਰ ਹੈ। ਰਾਮ ਦਾ ਵੀ ਹੈ ਪਰ ਰਾਮ ਰਾਜ ਨੂੰ ਹੈਵਿਨ ਨਹੀਂ ਕਹਾਂਗੇ। ਉਹ ਹੈ ਹੀ ਸੈਮੀ। ਹੁਣ ਉੱਚ ਤੋਂ ਉੱਚ ਬਾਪ ਪੜ੍ਹਾ ਰਹੇ ਹਨ। ਇਸ ਵਿੱਚ ਕਿਤਾਬ ਆਦਿ ਦੀ ਕੋਈ ਜ਼ਰੂਰਤ ਨਹੀਂ ਹੈ। ਇਹ ਕਿਤਾਬ ਆਦਿ ਕੁਝ ਵੀ ਚਲਣੀ ਨਹੀਂ ਹੈ, ਜੋ ਦੂਜੇ ਜਨਮ ਵਿੱਚ ਪੜ੍ਹ ਸਕੀਏ। ਇਹ ਪੜ੍ਹਾਈ ਇਸ ਜਨਮ ਦੇ ਲਈ ਹੀ ਹੈ। ਇਹ ਅਮਰਕਥਾ ਵੀ ਹੈ। ਨਰ ਤੋਂ ਨਾਰਾਇਣ ਬਣਨ ਦੀ ਸਿੱਖਿਆ ਵੀ ਬਾਪ ਦਿੰਦੇ ਹਨ ਨਵੀਂ ਦੁਨੀਆਂ ਦੇ ਲਈ। ਬੱਚੇ 84 ਦੇ ਚੱਕਰ ਨੂੰ ਵੀ ਜਾਣ ਗਏ ਹਨ। ਇਹ ਪੜ੍ਹਾਈ ਦਾ ਸਮਾਂ ਹੈ। ਬੁੱਧੀ ਵਿੱਚ ਮੰਥਨ ਚੱਲਣਾ ਚਾਹੀਦਾ ਹੈ। ਤੁਸੀਂ ਦੂਜਿਆਂ ਨੂੰ ਵੀ ਪੜ੍ਹਾਉਣਾ ਹੈ। ਸਵੇਰੇ ਉੱਠ ਵਿਚਾਰ ਸਾਗਰ ਮੰਥਨ ਕਰਨਾ ਹੈ। ਸਵੇਰੇ ਹੀ ਵਿਚਾਰ ਸਾਗਰ ਮੰਥਨ ਚੰਗਾ ਹੁੰਦਾ ਹੈ। ਜੋ ਸਮਝਾਉਣ ਵਾਲੇ ਹੋਣਗੇ ਉਨ੍ਹਾਂ ਦਾ ਹੀ ਮੰਥਨ ਹੋਵੇਗਾ। ਟੋਪਿਕਸ, ਪੁਆਇੰਟਸ ਆਦਿ ਨਿਕਲਦੇ ਹਨ। ਭਗਤੀ ਦੀਆਂ ਗੱਲਾਂ ਜਨਮ - ਜਨਮਾਂਤਰ ਸੁਣੀਆਂ। ਇਹ ਗਿਆਨ ਜਨਮ - ਜਨਮਾਂਤਰ ਨਹੀਂ ਸੁਣੋਗੇ। ਇਹ ਬਾਪ ਇਕੋ ਵਾਰ ਸੁਣਾਉਂਦੇ ਹਨ, ਫ਼ਿਰ ਇਹ ਨਾਲੇਜ਼ ਤੁਹਾਨੂੰ ਵੀ ਭੁੱਲ ਜਾਂਦੀ ਹੈ। ਭਗਤੀ ਮਾਰਗ ਦੀਆਂ ਕਿੰਨੀਆਂ ਕਿਤਾਬਾਂ ਹਨ। ਵਿਲਾਇਤ ਤੋਂ ਵੀ ਆਉਂਦੀਆਂ ਹਨ। ਇਹ ਸਭ ਖ਼ਤਮ ਹੋਣ ਵਾਲੀਆਂ ਹਨ। ਸਤਿਯੁੱਗ ਵਿੱਚ ਤਾਂ ਕਿਸੇ ਕਿਤਾਬ ਆਦਿ ਦੀ ਜ਼ਰੂਰਤ ਨਹੀਂ। ਇਹ ਸਾਰੀ ਹੈ ਕਲਯੁੱਗੀ ਸਮੱਗਰੀ। ਇੱਥੇ ਜੋ ਕੁਝ ਤੁਸੀਂ ਵੇਖਦੇ ਹੋ - ਹਸਪਤਾਲ, ਜੇਲ੍ਹ, ਜੱਜ ਆਦਿ ਉੱਥੇ ਕੁਝ ਵੀ ਨਹੀਂ ਹੋਣਗੇ। ਉਹ ਦੁਨੀਆਂ ਹੀ ਦੂਸਰੀ ਹੋਵੇਗੀ। ਦੁਨੀਆਂ ਤਾਂ ਇਹ ਹੀ ਹੈ ਪਰ ਨਵੀਂ ਅਤੇ ਪੁਰਾਣੀ ਵਿੱਚ ਫ਼ਰਕ ਤਾਂ ਜ਼ਰੂਰ ਹੋਵੇਗਾ ਨਾ। ਉਸਨੂੰ ਕਿਹਾ ਜਾਂਦਾ ਹੈ ਸਵਰਗ। ਉਹ ਹੀ ਦੁਨੀਆਂ ਫ਼ਿਰ ਨਰਕ ਬਣਦੀ ਹੈ। ਮੁੱਖ ਤੋਂ ਕਹਿੰਦੇ ਹਨ - ਫਲਾਣਾ ਸਵਰਗਵਾਸੀ ਹੋਇਆ। ਸੰਨਿਆਸੀਆਂ ਦੇ ਲਈ ਕਹਿਣਗੇ ਬ੍ਰਹਮ ਵਿੱਚ ਲੀਨ ਹੋਇਆ, ਨਿਰਵਾਣ ਗਿਆ। ਪਰ ਨਿਰਵਾਣ ਵਿੱਚ ਕੋਈ ਜਾਂਦਾ ਨਹੀਂ ਹੈ। ਤੁਸੀਂ ਜਾਣਦੇ ਹੋ ਇਹ ਰੁਦ੍ਰ ਮਾਲਾ ਕਿਵੇਂ ਬਣੀ ਹੈ? ਰੁੰਡ ਮਾਲਾ ਵੀ ਹੈ। ਵਿਸ਼ਨੂੰ ਦੀ ਰਾਜਧਾਨੀ ਦੀ ਮਾਲਾ ਬਣਦੀ ਹੈ। ਹੁਣ ਮਾਲਾ ਦੇ ਰਾਜ਼ ਨੂੰ ਤੁਸੀਂ ਬੱਚੇ ਹੀ ਜਾਣਦੇ ਹੋ। ਨੰਬਰਵਾਰ ਪੜ੍ਹਾਈ ਅਨੁਸਾਰ ਹੀ ਮਾਲਾ ਵਿੱਚ ਪਿਰੋਏ ਜਾਂਦੇ ਹਨ। ਪਹਿਲਾਂ-ਪਹਿਲਾਂ ਇਹ ਨਿਸ਼ਚੇ ਚਾਹੀਦਾ ਹੈ। ਇਹ ਇਸ਼ਵਰੀਏ ਪੜ੍ਹਾਈ ਹੈ। ਉਹ ਸੁਪਰੀਮ ਬਾਪ ਅਤੇ ਸੁਪਰੀਮ ਸਿੱਖਿਅਕ (ਟੀਚਰ) ਵੀ ਹੈ। ਤੁਹਾਡੀ ਬੁੱਧੀ ਵਿੱਚ ਜੋ ਨਾਲ਼ੇਜ਼ ਹੈ ਉਹ ਹੀ ਦੂਜਿਆਂ ਨੂੰ ਦੇਣੀ ਹੈ। ਆਪ ਸਮਾਨ ਬਣਾਉਣਾ ਹੈ। ਵਿਚਾਰ ਸਾਗਰ ਮੰਥਨ ਕਰਨਾ ਹੈ। ਅਖਬਾਰਾਂ ਵੀ ਸਵੇਰੇ ਨਿਕਲਦੀਆਂ ਹਨ। ਉਹ ਕਾਮਨ ਗੱਲ ਹੈ। ਇਹ ਤਾਂ ਇੱਕ-ਇੱਕ ਗੱਲ ਲੱਖਾਂ ਰੁਪਏ ਦੀ ਹੈ। ਕੋਈ ਚੰਗੀ ਤਰ੍ਹਾਂ ਸਮਝਦੇ ਹਨ। ਸਮਝਣ ਅਤੇ ਸਮਝਾਉਣ ਦੇ ਅਨੁਸਾਰ ਹੀ ਫ਼ਿਰ ਨਵੀਂ ਦੁਨੀਆਂ ਵਿੱਚ ਪਦਵੀ ਮਿਲਦੀ ਹੈ। ਵਿਚਾਰ ਸਾਗਰ ਮੰਥਨ ਕਰਨ ਲਈ ਬੜਾ

ਏਕਾਂਤ ਚਾਹੀਦਾ ਹੈ। ਰਾਮਤੀਰਥ ਦੇ ਲਈ ਦੱਸਦੇ ਹਨ - ਜਦੋਂ ਲਿਖਦਾ ਸੀ, ਚੇਲੇ ਨੂੰ ਕਿਹਾ ਦੋ ਮੀਲ ਦੂਰ ਹੋ ਜਾਵੇ, ਨਹੀਂ ਤਾਂ ਵਾਇਬਰੇਸ਼ਨ ਆਵੇਗਾ।

ਤੁਸੀਂ ਹੁਣ ਪ੍ਰਫੈਕਟ ਬਣ ਰਹੇ ਹੋ। ਸਾਰੀ ਦੁਨੀਆਂ ਦੀ ਡਿਫੈਕਟਿਡ ਬੁੱਧੀ ਹੈ। ਤੁਸੀਂ ਇਸ ਪੜ੍ਹਾਈ ਨਾਲ ਇਹ ਲਕਸ਼ਮੀ - ਨਾਰਾਇਣ ਬਣਦੇ ਹੋ। ਕਿੰਨੀ ਉੱਚੀ ਪੜ੍ਹਾਈ ਹੈ! ਪਰ ਨੰਬਰਵਾਰ ਬਿਠਾ ਨਹੀਂ ਸਕਦੇ। ਪਿਛਾੜੀ ਵਿੱਚ ਬੈਠਣ ਨਾਲ ਫੰਕ ਹੋ ਜਾਣਗੇ, ਘੁਟਕਾ ਖਾਣਗੇ, ਵਾਯੂਮੰਡਲ ਖ਼ਰਾਬ ਕਰਨਗੇ। ਵੈਸੇ ਤਾਂ ਲਾਅ ਕਹਿੰਦਾ ਹੈ - ਨੰਬਰਵਾਰ ਬਿਠਾਉਣਾ ਚਾਹੀਦਾ ਹੈ। ਪਰ ਇਨਾਂ ਸਾਰੀਆਂ ਗੱਲਾਂ ਨੂੰ ਗੁੜ ਜਾਣੇ, ਗੁੜ ਦੀ ਗੋਥਰੀ ਜਾਣੇ। ਇਹ ਹੈ ਬਹੁਤ ਉੱਚ ਨਾਲੇਜ਼ ਤੁਹਾਡੀ ਵੱਖ-ਵੱਖ ਕਲਾਸ ਤਾਂ ਨਹੀਂ ਕਰ ਸਕਦੇ। ਅਸਲ ਵਿੱਚ ਤੁਹਾਨੂੰ ਕਲਾਸ ਵਿੱਚ ਇਸ ਤਰ੍ਹਾਂ ਬੈਠਣਾ ਚਾਹੀਦਾ ਹੈ ਜੋ ਅੰਗ, ਅੰਗ ਦੇ ਨਾਲ ਨਾ ਲਗੇ। ਮਾਇਕ ਤੇ ਤਾਂ ਦੂਰ ਵੀ ਆਵਾਜ਼ ਸੁਣ ਸਕਦੇ ਹੋ। ਬਾਪ ਕਹਿੰਦੇ ਹਨ - ਇਸ ਦੁਨੀਆਂ ਦਾ ਤੁਸੀਂ ਹੋਰ ਕੁਝ ਵੀ ਨਾ ਸੁਣੋ, ਨਾਂ ਪੜ੍ਹੋ। ਉਨ੍ਹਾਂ ਦਾ ਸੰਗ ਵੀ ਨਾਂ ਕਰੋ। ਜੋ ਚੰਗੀ ਤਰ੍ਹਾਂ ਪੜ੍ਹਦੇ ਹਨ ਉਨ੍ਹਾਂ ਦਾ ਹੀ ਸੰਗ ਕਰਨਾ ਚਾਹੀਦਾ ਹੈ। ਜਿੱਥੇ ਚੰਗੀ ਸਰਵਿਸ ਹੈ, ਜਿਵੇਂ ਮਿਊਜ਼ੀਅਮ ਆਦਿ ਹਨ, ਤਾਂ ਉੱਥੇ ਬਹੁਤ ਤਿੱਖੀ ਅਤੇ ਯੋਗਯੁਕਤ ਬੱਚੀਆਂ ਚਾਹੀਦੀਆਂ ਹਨ।

ਇਹ ਵੀ ਬਾਪ ਸਮਝਾਉਂਦੇ ਹਨ - ਡਰਾਮਾ ਬਣਿਆ ਹੋਇਆ ਹੈ। ਕਦੇ-ਕਦੇ ਬਾਬਾ ਸੋਚਦੇ ਹਨ - ਕੁਝ ਡਰਾਮੇ ਵਿੱਚ ਚੇਂਜ ਹੋ ਜਾਵੇ। ਪਰ ਚੇਂਜ ਹੋ ਨਹੀਂ ਸਕਦਾ। ਇਹ ਬਣਿਆ - ਬਣਾਇਆ ਖੇਲ੍ਹ ਹੈ। ਬੱਚਿਆਂ ਦੀ ਅਵਸਥਾ ਨੂੰ ਦੇਖ ਖ਼ਿਆਲ ਆਉਂਦਾ ਹੈ ਕਿ ਕੁਝ ਚੇਂਜ ਹੋ ਜਾਵੇ। ਕੀ ਇਵੇਂ-ਇਵੇਂ ਸਵਰਗ ਵਿੱਚ ਚੱਲਣਗੇ? ਫ਼ਿਰ ਖ਼ਿਆਲ ਆਉਂਦਾ ਹੈ - ਸਵਰਗ ਵਿਚ ਤਾਂ ਸਾਰੀ ਰਾਜਧਾਨੀ ਚਾਹੀਦੀ। ਕੋਈ ਦਾਸ - ਦਾਸੀਆਂ, ਚੰਡਾਲ ਆਦਿ ਵੀ ਹੋਣਗੇ। ਡਰਾਮੇ ਵਿੱਚ ਕੁਝ ਚੇਂਜ ਨਹੀਂ ਹੋ ਸਕਦੀ। ਭਗਵਾਨੁਵਾਚ - ਇਹ ਡਰਾਮਾ ਬਣਿਆ ਹੋਇਆ ਹੈ, ਇਸਨੂੰ ਮੈਂ ਵੀ ਚੇਂਜ ਨਹੀਂ ਕਰ ਸਕਦਾ। ਭਗਵਾਨ ਦੇ ਉੱਪਰ ਤਾਂ ਕੋਈ ਹੈ ਨਹੀਂ। ਮਨੁੱਖ ਤਾਂ ਕਹਿ ਦਿੰਦੇ ਹਨ - ਭਗਵਾਨ ਕੀ ਨਹੀਂ ਕਰ ਸਕਦਾ! ਪਰ ਭਗਵਾਨ ਖੁਦ ਕਹਿੰਦੇ ਹਨ - ਮੈਂ ਕੁਝ ਨਹੀਂ ਕਰ ਸਕਦਾ ਹਾਂ। ਇਹ ਬਣਿਆ - ਬਣਾਇਆ ਖੇਲ੍ਹ ਹੈ। ਵਿਘਨ ਪੈਂਦੇ ਹਨ, ਕੁਝ ਵੀ ਨਹੀਂ ਕਰ ਸਕਦੇ। ਡਰਾਮੇ ਵਿੱਚ ਨੂੰਧ ਹੈ, ਮੈਂ ਕੀ ਕਰ ਸਕਦਾ ਹਾਂ। ਬਹੁਤ ਬੱਚੀਆਂ ਬੁਲਾਉਂਦੀਆਂ ਹਨ - ਸਾਨੂੰ ਨਗਨ ਹੋਣ ਤੋਂ ਬਚਾਓ। ਹੁਣ ਬਾਪ ਕੀ ਕਰਨਗੇ। ਬਾਪ ਸਿਰਫ਼ ਕਹਿ ਦੇਣਗੇ ਡਰਾਮੇ ਦੀ ਭਾਵੀ। ਇਹ ਤਾਂ ਬਣਿਆ - ਬਣਾਇਆ ਡਰਾਮਾ ਹੈ। ਇਵੇਂ ਨਾਂ ਸਮਝੋ ਭਗਵਾਨ ਦੀ ਭਾਵੀ। ਭਗਵਾਨ ਦੇ ਹੱਥ ਵਿੱਚ ਹੁੰਦਾ ਤਾਂ ਸਮਝੋ ਕੋਈ ਅਚਾਨਕ ਸ਼ਰੀਰ ਛੱਡ ਦਿੰਦੇ ਹਨ ਤਾਂ ਉਨ੍ਹਾਂ ਨੂੰ ਵੀ ਬਚਾ ਲੈਂਦੇ। ਇਵੇਂ ਬਹੁਤਿਆਂ ਨੂੰ ਸ਼ੰਕਾ ਆਉਂਦੀ ਹੈ। ਭਗਵਾਨ ਪੜ੍ਹਾਉਂਦੇ ਹਨ! ਜੇਕਰ ਭਗਵਾਨ ਦੇ ਬੱਚੇ ਹਨ ਤਾਂ ਕੀ ਭਗਵਾਨ ਵੀ ਆਪਣੇ ਬੱਚਿਆਂ ਨੂੰ ਨਹੀਂ ਬਚਾ ਸਕਦੇ! ਬਹੁਤ ਉਲਾਹਣਾ ਦਿੰਦੇ ਹਨ। ਕਹਿੰਦੇ ਹਨ ਇਵੇਂ ਸਾਧੂ ਲੋਕ ਤਾਂ ਕਿਸੇ ਦੇ ਪ੍ਰਾਣਾਂ ਨੂੰ ਬਚਾ ਸਕਦੇ ਹਨ, ਪ੍ਰਾਣ ਫ਼ਿਰ ਤੋਂ ਆ ਜਾਂਦੇ ਹਨ। ਚਿਤਾ ਤੋਂ ਉੱਠ ਜਾਂਦੇ ਹਨ। ਫ਼ਿਰ ਕਹਿਣਗੇ ਈਸ਼ਵਰ ਨੇ ਵਾਪਿਸ ਕਰ ਦਿਤਾ, ਕਾਲ ਲੈ ਗਿਆ, ਉਸ ਤੇ ਪ੍ਰਭੂ ਨੇ ਰਹਿਮ ਕੀਤਾ। ਬਾਪ ਸਮਝਾਉਂਦੇ ਹਨ - ਜੋ ਕੁਝ ਡਰਾਮੇ ਵਿੱਚ ਨੂੰਧ ਹੈ ਉਹ ਹੀ ਹੁੰਦਾ ਹੈ। ਬਾਪ ਵੀ ਕੁਝ ਨਹੀਂ ਕਰ ਸਕਦੇ। ਇਸ ਨੂੰ ਕਿਹਾ ਜਾਂਦਾ ਹੈ ਡਰਾਮੇ ਦੀ ਭਾਵੀ। ਡਰਾਮੇ ਦਾ ਅੱਖਰ ਤੁਸੀਂ ਜਾਣਦੇ ਹੋ। ਉਹ ਕਹਿਣਗੇ ਜੋ ਕੁਝ ਹੋਣਾ ਸੀ ਹੋਇਆ, ਫ਼ਿਕਰ ਕਿਸ ਗੱਲ ਦਾ। ਤੁਹਾਨੂੰ ਬੇਫ਼ਿਕਰ ਬਣਾਉਂਦੇ ਹਨ। ਸੈਕਿੰਡ ਬਾਈ ਸੈਕਿੰਡ ਜੋ ਕੁਝ ਵੀ ਹੁੰਦਾ ਹੈ ਡਰਾਮਾ ਹੀ ਸਮਝੋ। ਆਤਮਾ ਨੇ ਸ਼ਰੀਰ ਛੱਡ ਜਾਕੇ ਦੂਜਾ ਪਾਰਟ ਵਜਾਇਆ। ਅਨਾਦਿ ਪਾਰਟ ਨੂੰ ਤੁਸੀਂ ਕਿਵੇਂ ਬਦਲ ਸਕਦੇ ਹੋ! ਭਾਵੇਂ ਅਜੇ ਥੋੜੀ ਕੱਚੀ ਅਵਸਥਾ ਹੈ, ਥੋੜਾ ਬਹੁਤ ਵਿਚਾਰ ਆ ਜਾਂਦਾ ਹੈ। ਪਰ ਭਾਵੀ ਕੁਝ ਕਰ ਨਹੀਂ ਸਕਦੀ। ਲੋਕ ਭਾਵੇਂ ਕੁਝ ਵੀ ਕਹਿਣ ਪਰ ਸਾਡੀ ਬੁੱਧੀ ਵਿੱਚ ਡਰਾਮੇ ਦਾ ਰਾਜ਼ ਹੈ। ਪਾਰਟ ਵਜਾਉਣਾ ਹੈ। ਫ਼ਿਕਰ ਦੀ ਗੱਲ ਨਹੀਂ। ਜਦੋਂ ਤੱਕ ਕੱਚੀ ਅਵਸਥਾ ਹੈ ਥੋੜੀ ਬਹੁਤ ਲਹਿਰ ਆਉਂਦੀ ਹੈ।

ਇਸ ਵਕਤ ਤੁਸੀਂ ਸਾਰੇ ਪੜ੍ਹ ਰਹੇ ਹੋ। ਤੁਸੀਂ ਸਾਰੇ ਦੇਹਧਾਰੀ ਹੋ, ਮੈਂ ਇਕ ਵਿਦੇਹੀ ਹਾਂ। ਸਭ ਦੇਹਧਾਰੀਆਂ ਨੂੰ ਸਿਖਾਉਂਦਾ ਹਾਂ। ਬਾਪ ਸਮਝਾਉਂਦੇ ਹਨ - ਕੋਈ-ਕੋਈ ਸਮੇਂ ਤੁਹਾਨੂੰ ਬੱਚਿਆਂ ਨੂੰ ਫ਼ਿਰ ਇਹ ਬ੍ਰਹਮਾ ਵੀ ਬੈਠ ਸਮਝਾਉਂਦੇ ਹਨ। ਇਹ ਬਾਪ ਦਾ ਪਾਰਟ ਅਤੇ ਪ੍ਰਜਾਪਿਤਾ ਬ੍ਰਹਮਾ ਦਾ ਪਾਰਟ ਵੰਡਰਫੁਲ ਹੈ। ਇਹ ਬਾਪ ਵਿਚਾਰ ਸਾਗਰ ਮੰਥਨ ਕਰ ਤੁਹਾਨੂੰ ਸੁਣਾਉਂਦੇ ਰਹਿੰਦੇ ਹਨ। ਕਿੰਨੀ ਵੰਡਰਫੁਲ ਨਾਲੇਜ਼ ਹੈ! ਕਿੰਨੀ ਬੁੱਧੀ ਚਲਾਉਣੀ ਪੈਂਦੀ ਹੈ। ਬਾਬਾ ਦਾ ਵਿਚਾਰ ਸਾਗਰ ਮੰਥਨ ਸਵੇਰੇ ਚਲਦਾ ਹੈ। ਤੁਸੀਂ ਵੀ ਇਵੇਂ ਦੇ ਬਣਨਾ ਹੈ ਜਿਵੇਂ ਦਾ ਟੀਚਰ। ਫ਼ਿਰ ਵੀ ਫ਼ਰਕ ਤਾਂ ਜ਼ਰੂਰ ਰਹਿੰਦਾ ਹੈ। ਟੀਚਰ ਸਟੂਡੈਂਟਸ ਨੂੰ ਕਦੇ 100 ਮਾਰਕਸ ਨਹੀਂ ਦੇਣਗੇ। ਕੁਝ ਘੱਟ ਦੇਣਗੇ। ਉਹ ਹੈ ਉੱਚੇ ਤੋਂ ਉੱਚਾ। ਅਸੀਂ ਹਾਂ ਦੇਹਧਾਰੀ। ਤਾਂ ਬਾਬਾ ਦੀ ਤਰ੍ਹਾਂ 100 ਪ੍ਰਤੀਸ਼ਤ ਕਿੱਦਾਂ ਬਣਾਂਗੇ? ਇਹ ਬੜੀਆਂ ਗੁਪਤ ਗੱਲਾਂ ਹਨ। ਕੋਈ ਤਾਂ ਸੁਣ ਕੇ ਧਾਰਨ ਕਰਦੇ ਹਨ, ਖੁਸ਼ੀ ਹੁੰਦੀ ਹੈ। ਕੋਈ-ਕੋਈ ਕਹਿੰਦੇ ਹਨ ਬਾਬਾ ਦੀ ਤਾਂ ਇੱਕ ਹੀ ਵਾਣੀ ਚਲਦੀ ਹੈ, ਰਿਪਿਟੇਸ਼ਨ ਹੁੰਦੀ ਹੈ। ਹੁਣ ਕੋਈ ਨਵੇਂ-ਨਵੇਂ ਬੱਚੇ ਆਉਂਦੇ ਹਨ ਤਾਂ ਮੈਨੂੰ ਪਹਿਲੀ ਪੁਆਇੰਟ ਚੁੱਕਣੀ ਪੈਂਦੀ ਹੈ। ਕੋਈ ਨਵੀਂ ਪੁਆਇੰਟ ਵੀ ਨਿਕਲ ਆਉਂਦੀ ਹੈ ਦੂਜਿਆਂ ਨੂੰ ਸਮਝਾਉਣ ਦੇ ਲਈ। ਬੱਚਿਆਂ ਨੂੰ ਫ਼ਿਰ ਵੀ ਬਾਪ ਦੀ ਮਦਦ ਕਰਨੀ ਪੈਂਦੀ ਹੈ। ਮੈਗਜ਼ੀਨ ਕੱਢਦੇ ਹਨ। ਕਲਪ ਪਹਿਲਾਂ ਵੀ ਇੱਦਾਂ ਲਿਖਿਆ ਹੋਵੇਗਾ। ਜੇਕਰ ਅਖ਼ਬਾਰ ਕੱਢਣ ਤਾਂ ਉਸ ਤੇ ਬਹੁਤ ਧਿਆਨ ਦੇਣਾ ਪਵੇ। ਇਵੇਂ ਦੀ ਕੋਈ ਗੱਲ ਨਾਂ ਹੋਵੇ ਜੋ ਮਨੁੱਖ ਪੜ੍ਹਕੇ ਨਾਰਾਜ਼ ਹੋ ਜਾਣ। ਮੈਗਜ਼ੀਨ ਤਾਂ ਤੁਸੀਂ ਪੜ੍ਹਦੇ ਹੋ। ਕੋਈ ਕੱਚੀ - ਪੱਕੀ ਗੱਲ ਹੋਵੇਗੀ ਤਾਂ ਕਹਿਣਗੇ ਹਾਲੇ ਤੱਕ ਸੰਪੂਰਨ ਨਹੀਂ ਬਣੇ ਹਨ। ਐਕੂਰੇਟ 16 ਕਲਾਂ ਸੰਪੂਰਨ ਬਣਨ ਵਿੱਚ ਸਮਾਂ ਲੱਗਦਾ ਹੈ। ਅਜੇ ਤਾਂ ਬਹੁਤ ਸਰਵਿਸ ਕਰਨੀ ਹੈ। ਬਹੁਤ ਪ੍ਰਜ਼ਾ ਬਨਾਉਣੀ ਹੈ। ਇਹ ਵੀ ਬਾਪ ਨੇ ਸਮਝਾਇਆ ਹੈ - ਕਈ ਤਰ੍ਹਾਂ ਦੇ ਮਾਰਕਸ ਹਨ। ਕੋਈ ਨਿਮਿਤ ਹੈ, ਬਹੁਤਿਆਂ ਨੂੰ ਗਿਆਨ ਲੈਣ

ਦਾ ਪ੍ਰਬੰਧ ਕਰਦੇ ਹਨ ਤਾਂ ਉਨ੍ਹਾਂ ਨੂੰ ਵੀ ਫ਼ਲ ਮਿਲ ਜਾਂਦਾ ਹੈ। ਹੁਣ ਤਾਂ ਪੁਰਾਣੀ ਦੁਨੀਆਂ ਹੀ ਖ਼ਤਮ ਹੋਣੀ ਹੈ। ਇੱਥੇ ਹੈ ਥੋੜ੍ਹੇ ਸਮੇਂ ਦਾ ਸੁੱਖ। ਬੀਮਾਰੀ ਆਦਿ ਤਾਂ ਸਭ ਨੂੰ ਹੁੰਦੀ ਹੈ। ਬਾਬਾ ਸਭ ਗੱਲਾਂ ਦੇ ਅਨੁਭਵੀ ਹਨ। ਦੁਨੀਆਂ ਦੀਆਂ ਗੱਲਾਂ ਵੀ ਸਮਝਾਉਂਦੇ ਹਨ। ਬਾਬਾ ਨੇ ਕਿਹਾ ਸੀ - ਅਖਬਾਰ ਜਾਂ ਮੈਗਜ਼ੀਨ ਵਿੱਚ ਵੰਡਰਫੁਲ ਗੱਲਾਂ ਲਿਖੋ ਜੋ ਸਮਝਣ ਕਿ ਬ੍ਰਹਮਾਕੁਮਾਰੀਆਂ ਨੇ ਇਹ ਗੱਲ ਬਿਲਕੁਲ ਠੀਕ ਲਿਖੀ ਹੈ। ਇਹ ਲੜਾਈ 5 ਹਜ਼ਾਰ ਸਾਲ ਪਹਿਲਾਂ ਹੂਬਹੂ ਲੱਗੀ ਸੀ। ਕਿਵੇਂ? ਇਹ ਆਕੇ ਸਮਝੋ। ਤੁਹਾਡਾ ਨਾਮ ਵੀ ਹੋਵੇਗਾ, ਮਨੁੱਖ ਸੁਣ ਕੇ ਖੁਸ਼ ਵੀ ਹੋਣਗੇ। ਬਹੁਤ ਵੱਡੀ ਗੱਲ ਹੈ! ਪਰ ਜਦੋਂ ਕਿਸੇ ਦੀ ਬੁੱਧੀ ਵਿੱਚ ਬੈਠੇ। ਜੋ ਲਿਖਦੇ ਹਨ ਉਨ੍ਹਾਂ ਨੇ ਫ਼ਿਰ ਸਮਝਾਉਣਾ ਵੀ ਹੈ। ਸਮਝਾਉਣਾ ਨਹੀਂ ਆਉਂਦਾ ਹੋਵੇਗਾ ਇਸ ਲਈ ਫ਼ਿਰ ਲਿਖਦੇ ਵੀ ਨਹੀਂ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ + ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਕ ਬਾਬਾ ਜੋ ਸੁਣਾਉਂਦੇ ਅਤੇ ਪੜ੍ਹਾਉਂਦੇ ਹਨ, ਉਹ ਹੀ ਸੁਣੋ ਅਤੇ ਪੜ੍ਹੋ। ਬਾਕੀ ਕੁਝ ਵੀ ਪੜ੍ਹਨ ਸੁਣਨ ਦੀ ਜ਼ਰੂਰਤ ਨਹੀਂ। ਸੰਗ ਦੀ ਬਹੁਤ-ਬਹੁਤ ਸੰਭਾਲ ਰੱਖੋ। ਸਵੇਰੇ-ਸਵੇਰੇ ਇਕਾਂਤ ਵਿੱਚ ਬੈਠ ਵਿਚਾਰ ਸਾਗਰ ਮੰਥਨ ਕਰੋ।

2. ਡਰਾਮੇ ਦੀ ਭਾਵੀ ਨਿਸ਼ਚਿਤ ਬਣੀ ਹੋਈ ਹੈ ਇਸ ਲਈ ਸਦਾ ਬੇਫ਼ਿਕਰ ਰਹੋ। ਕਿਸੇ ਵੀ ਗੱਲ ਵਿੱਚ ਸ਼ੰਕਾ ਨਹੀਂ ਕਰੋ। ਲੋਕ ਭਾਵੇਂ ਕੁਝ ਵੀ ਕਹਿਣਗੇ ਪਰ ਤੁਸੀਂ ਡਰਾਮੇ ਤੇ ਅਟੱਲ ਰਹੋ।

ਵਰਦਾਨ:- ਅਥਾਰਿਟੀ ਬਣ ਸਮੇਂ ਤੇ ਸਰਵਸ਼ਕਤੀਆਂ ਨੂੰ ਕੰਮ ਵਿੱਚ ਲਗਾਉਣ ਵਾਲੇ ਮਾਸਟਰ ਸਰਵਸ਼ਕਤੀਮਾਨ ਭਵ
ਸਰਵਸ਼ਕਤੀਮਾਨ ਬਾਪ ਦਵਾਰਾ ਜੋ ਸਰਵਸ਼ਕਤੀਆਂ ਪ੍ਰਾਪਤ ਹਨ ਉਹ ਜਿਵੇਂ ਪਰਿਸਥਿਤੀ, ਜਿਵੇਂ ਦਾ ਸਮੇਂ ਅਤੇ ਜਿਸ ਵਿਧੀ ਨਾਲ ਤੁਸੀਂ ਕੰਮ ਵਿੱਚ ਲਗਾਉਣਾ ਚਾਹੋ ਉਵੇਂ ਹੀ ਇਹ ਸ਼ਕਤੀਆਂ ਤੁਹਾਡੀ ਸਹਿਯੋਗੀ ਬਣ ਸਕਦੀਆਂ ਹਨ। ਇਹਨਾਂ ਸ਼ਕਤੀਆਂ ਨੂੰ ਅਤੇ ਪ੍ਰਭੂ ਵਰਦਾਨ ਨੂੰ ਜਿਸ ਰੂਪ ਵਿਚ ਚਾਹੋ ਉਹ ਰੂਪ ਧਾਰਨ ਕਰ ਸਕਦੀਆਂ ਹਨ। ਹੁਣੇ - ਹੁਣੇ ਸ਼ੀਤਲਤਾ ਦੇ ਰੂਪ ਵਿਚ, ਹੁਣੇ - ਹੁਣੇ ਜਲਾਉਣ ਦੇ ਰੂਪ ਵਿਚ। ਸਿਰਫ ਸਮੇਂ ਤੇ ਕੰਮ ਤੇ ਲਗਾਉਣ ਦੀ ਅਥਾਰਟੀ ਬਣੋ। ਇਹ ਸਰਵਸ਼ਕਤੀਆਂ ਤੇ ਤੁਸੀ ਮਾਸਟਰ ਸਰਵਸ਼ਕਤੀਮਾਨ ਦੀਆਂ ਸੇਵਾਦਾਰੀ ਹਨ।

ਸਲੋਗਨ:- ਸਵ ਪੁਰਸ਼ਾਰਥ ਅਤੇ ਵਿਸਵ ਕਲਿਆਣ ਦੇ ਕੰਮ ਵਿਚ ਜਿੱਥੇ ਹਿੰਮਤ ਹੈ ਉੱਥੇ ਸਫਲਤਾ ਹੋਈ ਪਈ ਹੈ।

******